# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰਿੰਸੀਪਲ/ਅਧਿਆਪਕਾਂ ਦੇ ਅਪਰੂਵਲ ਕੇਸਾਂ ਸਬੰਧੀ ਲੋੜੀਂਦੇ ਦਸਤਾਵੇਜ਼ :-

1. ਦੋ ਪ੍ਰਤੀਨਿਧ ਅਖਬਾਰਾਂ (ਇਕ ਅੰਗ੍ਰੇਜੀ ਅਤੇ ਇਕ ਪੰਜਾਬੀ) ਵਿਚ ਦਿੱਤੇ ਗਏ ਇਸ਼ਤਿਹਾਰਾਂ ਦੀਆਂ ਤਸਦੀਕ-ਸ਼ੁਦਾ ਕਾਪੀਆਂ, ਜਿਸ ਤੋਂ ਅਖਬਾਰਾਂ ਦਾ ਨਾਂ ਅਤੇ ਮਿਤੀ ਸਪਸ਼ਟ ਹੋ ਸਕੇ।
2. ਕਾਲਜ ਚੇਅਰਮੈਨ/ ਪ੍ਰਿੰਸੀਪਲ ਵੱਲੋਂ ਬਿਨੈਕਾਰਾਂ ਨੂੰ ਆਸਾਮੀ ਲਈ ਦਰਖਾਸਤ ਭੇਜਣ ਦਾ ਸਮਾਂ ਘੱਟੋ ਘੱਟ 15 ਦਿਨ ਹੋਵੇ।
3. ਇੰਟਰਵਿਊ ਉਤੇ ਬਲਾਉਣ ਲਈ ਉਮੀਦਵਾਰਾਂ ਨੂੰ ਪਾਏ ਗਏ ਰਜਿਸਟਰਡ ਪੱਤਰਾਂ ਦੀ, ਡਾਕਖਾਨੇ ਵਲੋਂ ਪ੍ਰਾਪਤ ਰਸੀਦਾਂ ਦੀ ਤਸਦੀਕ ਸ਼ੁਦਾ ਕਾਪੀ।
4. ਅਸਲ ਸਰਟੀਫਿਕੇਟ/ ਡਿਗਰੀਆਂ ਟੀਚਰ ਰਿਟਰਨ ਪ੍ਰੋਫਾਰਮੇ ਦੇ ਨਾਲ ਨੱਥੀ ਕੀਤੀਆਂ ਜਾਣ ।
5. ਮੈਟ੍ਰਿਕ ਪੱਧਰ ਤੱਕ ਪੰਜਾਬੀ ਵਿਸ਼ਾ ਪਾਸ ਕਰਨ ਸਬੰਧੀ ਸਰਟੀਫਿਕੇਟ।
6. ਪ੍ਰਿੰਸੀਪਲ/ ਕਾਰਜਕਾਰੀ ਪ੍ਰਿੰਸੀਪਲ ਨਾ ਹੋਣ ਦੀ ਸੂਰਤ ਵਿਚ ਸਮੁੱਚੇ ਕੇਸ ਤੇ ਕੇਵਲ ਚੇਅਰਮੈਨ/ ਪ੍ਰਧਾਨ ਦੇ ਦਸਤਖਤ ਹੋਣੇ ਚਾਹੀਦੇ ਹਨ।
7. ਕਾਲਜ ਵੱਲੋਂ ਉਮੀਦਵਾਰਾਂ ਦਾ ਹਾਜਰੀ/ ਗੈਰ ਹਾਜਰੀ ਦਾ ਰਿਕਾਰਡ।
8. ਚੋਣ-ਕਮੇਟੀ ਦੇ ਮੈਬਰਾਂ ਵੱਲੋਂ ਤਿਆਰ ਕੀਤਾ ਗਿਆ ਸਕੋਰ-ਕਾਰਡ ਜਿਸ ਉੱਪਰ ਚੋਣ ਕਮੇਟੀ ਦੇ ਮੈਬਰਾਂ ਦਾ ਦਸਤਖਤ ਹੋਣ, ਦੀ ਤਸ਼ਦੀਕ ਸ਼ੁਦਾ ਕਾਪੀ।
9. ਸਰਟੀਫਿਕੇਟ ਦਿੱਤਾ ਜਾਵੇ ਕਿ ਇਹ ਨਿਯੁਕਤੀ ਯੂਨੀਵਰਸਿਟੀ ਵੱਲੋਂ ਜਾਰੀ ਗਸ਼ਤੀ ਪੱਤਰ ਨੰ: 8197-8345/ ਕਾਲਜਾਂ ਮਿਤੀ 22.09.08 ਦੇ ਅਨੁਸਾਰ ਕੀਤੀ ਗਈ ਹੈ।
10. ਚੋਣ ਕਮੇਟੀ ਦੀ ਕਾਰਵਾਈ ਦੀ ਤਸਦੀਕ-ਸ਼ੁਦਾ ਕਾਪੀ।
11. ਇਕਰਾਰ-ਨਾਮਾ, ਜਿਵੇ ਯੂਨੀਵਰਸਿਟੀ ਕੈਲੰਡਰ 1999 ਭਾਗ ਚੌਥਾ ਦੇ ਪੰਨਾ 30-33 ਦੇ ਅਨੁਸਾਰ ਹੈ।
12. ਨਿਯੁਕਤੀ ਪੱਤਰ ਦੀ ਤਸਦੀਕ-ਸ਼ੁਦਾ ਕਾਪੀ।
13. ਹਾਜਰੀ ਰਿਪੋਰਟ ਦੀ ਤਸਦੀਕ ਸ਼ੁਦਾ ਕਾਪੀ।